②

# ਭਾਈ ਚਉਪਾ ਸਿੰਘ ਛਿੱਬਰ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਭਾਈ ਚਉਪਾ ਸਿੰਘ ਜੀ ਦਾ ਬਚਪਨ ਦਾ ਨਾਮ ਚਉਪਤ ਰਾਇ ਸੀ । ਇਨ੍ਹਾਂ ਦੇ ਮਾਤਾ-ਪਿਤਾ ਨੇ ਬਾਲਕ ਚਉਪਤ ਰਾਇ ਨੂੰ ਸੱਤਵੇਂ ਸਤਿਗੁਰੂ, ਸ੍ਰੀ ਗੁਰੂ ਹਰਿਰਾਇ ਜੀ ਨੂੰ ਅਰਪਣ ਕਰ ਦਿੱਤਾ ਸੀ । ਇਸ ਤਰ੍ਹਾਂ, ਭਾਈ ਚਉਪਾ ਸਿੰਘ ਦੇ ਜੀਵਨ-ਕਾਲ ਵਿੱਚ ਚਾਰ ਗੁਰੂ ਸਾਹਿਬਾਨ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ) ਨੇ ਇਸ ਸੰਸਾਰ ਨੂੰ ਆਪਣੇ ਉਪਦੇਸ਼ ਰਾਹੀਂ ਸੇਧ ਦਿੱਤੀ ।

ਜਦੋਂ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ ਘਰ (ਗੁਰੂ) ਗੋਬਿੰਦ (ਸਿੰਘ) ਜੀ ਨੇ ਜਨਮ ਲਿਆ, ਤਾਂ ਭਾਈ ਚਉਪਾ ਸਿੰਘ ਜੀ ਨੂੰ (ਗੁਰੂ) ਗੋਬਿੰਦ (ਸਿੰਘ) ਜੀ ਦੇ ਖਿਡਾਵੇ ਹੋਣ ਦਾ ਮਾਣ ਪ੍ਰਾਪਤ ਹੋਇਆ । ਭਾਈ ਕੇਸਰ ਸਿੰਘ ਛਿੱਬਰ ਆਪਣੀ ਪੁਸਤਕ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿੱਚ ਲਿੱਖਦਾ ਹੈ: -

"*ਚਉਪਤ ਰਾਇ ਸੀ ਸਿਖ ਖਿਡਾਵਾ । ਸੱਤਵੀ ਪਾਤਿਸ਼ਾਹੀ ਮਾਪਿਆਂ ਸੀ ਗੋਲਕ ਵਿਚਿ ਚੜ੍ਹਾਵਾ ।*"

ਭਾਈ ਚਉਪਾ ਸਿੰਘ ਨੇ ਖਿਡਾਵੇ ਵਜੋਂ ਸੇਵਾ ਨਿਭਾਉਂਦਿਆਂ ਚੋਜੀ ਪ੍ਰੀਤਮ ਬਾਲ (ਗੁਰੂ) ਗੋਬਿੰਦ (ਸਿੰਘ) ਜੀ ਦੀਆਂ ਅਨੇਕਾਂ ਹੀ ਬਾਲ ਲੀਲਾਵਾਂ ਦੇਖਣ ਦਾ ਸੁਭਾਗ ਪ੍ਰਾਪਤ ਕੀਤਾ । ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੇ ਭਤੀਜੇ ਭਾਈ ਹਰਿਜਸ ਜੀ ਬਾਲਾ ਪ੍ਰੀਤਮ ਦੇ ਅਧਿਆਪਕ ਨਿਯੁਕਤ ਸਨ, ਜੋ ਫ਼ਾਰਸੀ ਦੇ ਵਿਦਵਾਨ ਸਨ । ਭਾਈ ਹਰਿਜਸ ਜੀ ਬਾਲ (ਗੁਰੂ) ਗੋਬਿੰਦ (ਸਿੰਘ) ਜੀ ਨੂੰ ਫ਼ਾਰਸੀ ਪੜ੍ਹਾਇਆ ਕਰਦੇ ਸਨ । ਕਸ਼ਮੀਰੀ ਪੰਡਿਤ ਭਾਈ ਕ੍ਰਿਪਾ ਰਾਮ ਦੱਤ (ਗੁਰੂ) ਗੋਬਿੰਦ (ਸਿੰਘ) ਜੀ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਨਿਯੁਕਤ ਸਨ । ਭਾਈ ਚਉਪਤ ਰਾਇ (ਚਉਪਾ ਸਿੰਘ) ਜੀ (ਗੁਰੂ) ਗੋਬਿੰਦ (ਸਿੰਘ) ਜੀ ਨੂੰ ਖਿਡਾਉਂਦੇ ਵੀ ਸਨ, ਤੇ ਗੁਰਮੁਖੀ ਦੀ ਸਿਖਿਆ ਵੀ ਦਿੰਦੇ ਸਨ । ਲਿੱਖਣ ਦਾ ਅਭਿਆਸ ਕਰਨ ਲਈ ਉਨ੍ਹਾਂ ਦਿਨਾਂ ਵਿੱਚ ਪੱਟੀ ਦਾ ਰਿਵਾਜ਼ ਹੁੰਦਾ ਸੀ । ਲੱਕੜ ਦੀ ਬਣੀ ਇਹ ਪੱਟੀ ਧੋਣ ਦੀ ਸੁਭਾਗੀ ਸੇਵਾ ਵੀ ਭਾਈ ਚਉਪਤ ਰਾਇ ਜੀ ਦੇ ਹੀ ਹਿੱਸੇ ਸੀ । ਕੇਸਰ ਸਿੰਘ ਛਿੱਬਰ ਲਿੱਖਦਾ ਹੈ: -

"*ਸੋ ਸਾਹਿਬ ਨੂੰ ਖਿਡਾਂਦਾ ਫਿਰੈ । ਪੱਟੀ ਲਿਖਾਇ ਦੇਵੈ, ਘੋਟਿ-ਧੋਇ ਅਗੈ ਆਨ ਧਰੈ । ੮।*" (ਪੰਨਾ ੧੨੫) ।

ਇਤਿਹਾਸ ਦੇ ਉਸ ਦੌਰ ਦੀ ਵੀਚਾਰ ਕਰਦਿਆਂ ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹ ਉਹ ਸਮਾਂ ਸੀ, ਜਦੋਂ ਸਮੇਂ ਦੀ ਸ਼ਕਤੀਸ਼ਾਲੀ ਮੁਗ਼ਲ ਹਕੂਮਤ ਗੁਰੂ-ਘਰ ਦੀ ਵੈਰਣ ਸੀ। ਕਸ਼ਮੀਰ ਅਤੇ ਹੋਰਨਾਂ ਥਾਂਵਾਂ ਉਤੈ

ਬ੍ਰਾਹਮਣਾਂ ਉਤੈ ਅੱਤਿਆਚਾਰ ਹੋ ਰਹੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਮਜ਼ਲੂਮ ਜਨਤਾ ਨੂੰ ਹੌਸਲਾ ਦੇ ਰਹੇ ਸਨ। ਅਜਿਹੇ ਸਮੇਂ ਵਿੱਚ ਗੁਰੂ ਸਾਹਿਬ ਦੇ ਪਰਿਵਾਰ ਦੀ ਸੁਰੱਖਿਆ ਵੀ ਅਹਿਮ ਸੀ। ਸੁਭਾਵਿਕ ਹੀ ਹੈ ਕਿ ਬਹੁਤ ਵਿਸ਼ਵਾਸ਼ਪਾਤਰ ਵਿਅਕਤੀ ਹੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਰਿਵਾਰ ਦੀਆਂ ਜ਼ਰੂਰਤਾਂ ਲਈ ਨਿਯੁਕਤ ਕੀਤੇ ਗਏ ਸਨ। ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਵੇਲੇ ਬਾਲ (ਗੁਰੂ) ਹਰਿਗੋਬਿੰਦ ਸਾਹਿਬ ਜੀ ਦੀ ਜਾਨ ਲੈਣ ਲਈ ਕੀਤੇ ਗਏ ਅਸਫਲ ਯਤਨਾਂ ਬਾਰੇ ਗੱਲਾਂ ਵੀ ਅਜੇ ਚੇਤਿਆਂ ਵਿੱਚ ਤਾਜ਼ਾ ਹੀ ਹੋਣਗੀਆਂ। ਯਕੀਨਨ ਹੀ ਬਾਲ (ਗੁਰੂ) ਗੋਬਿੰਦ (ਸਿੰਘ) ਜੀ ਦੀ ਦੇਖ-ਭਾਲ ਲਈ ਐਸੇ ਵਿਅਕਤੀਆਂ ਦੀ ਲੋੜ ਸੀ, ਜੋ ਵਿਦਵਾਨ ਹੋਣ ਦੇ ਨਾਲ-ਨਾਲ ਯੋਧੇ ਵੀ ਹੋਣ। ਐਸੇ ਸਮੇਂ ਵਿੱਚ ਭਲਾ ਭਾਈ ਚਉਪਤ ਰਾਇ ਜੀ ਤੋਂ ਜ਼ਿਆਦਾ ਯੋਗ ਵਿਅਕਤੀ ਹੋਰ ਕੌਣ ਹੋ ਸਕਦਾ ਸੀ ?

ਸਿੱਖ ਇਤਿਹਾਸ ਦੀਆਂ ਜ਼ਿਆਦਾਤਰ ਪੁਸਤਕਾਂ ਆਖਦੀਆਂ ਹਨ ਕਿ ਖੰਡੇ ਬਾਟੇ ਦਾ ਅੰਮ੍ਰਿਤ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਤਿਆਰ ਕੀਤਾ ਤੇ ਸਭ ਤੋਂ ਪਹਿਲਾਂ ਪੰਜ ਪਿਆਰਿਆਂ (ਭਾਈ ਦਇਆ ਸਿੰਘ ਜੀ ਆਦਿ) ਨੇ ਛੱਕਿਆ, ਜਦ ਕਿ ਕੇਸਰ ਸਿੰਘ ਛਿੱਬਰ ਅਨੁਸਾਰ ਗੁਰੂ ਸਾਹਿਬ ਨੇ ਭਾਈ ਚਉਪਾ ਸਿੰਘ ਨੂੰ ਹੀ ਅੰਮ੍ਰਿਤ ਤਿਆਰ ਕਰਨ ਲਈ ਹੁਕਮ ਕੀਤਾ। ਗੁਰੂ ਸਾਹਿਬ ਨੇ ਅੰਮ੍ਰਿਤ ਆਪ ਆਪਣੀ ਰਸਨੀਂ ਲਾਇਆ [੧] ਤੇ ਫਿਰ ਭਾਈ ਚਉਪਾ ਸਿੰਘ ਜੀ ਨੂੰ ਹੀ ਗੁਰੂ ਜੀ ਨੇ ਅੰਮ੍ਰਿਤ ਛਕਾਇਆ: -

"*ਦਿਨ ਤ੍ਰੈ ਗੁਜ਼ਰੇ, ਤਾਂ ਚਉਪਾ ਸਿੰਘ ਬੁਲਾਇਆ।*
*ਦਰਬਾਰ ਲਗਾ ਹੋਆ, ਦੀਵਾਨ ਦੋਨੋਂ ਪਾਸ ਬਹਾਇਆ ।੩੧੯।*
*ਬਚਨ ਕੀਤਾ, "ਕਟੋਰਾ ਸੁਚੇਤ ਕਰਕੇ ਜਲ ਲੈ ਆਉ।"*
*ਸੋ ਲੈ ਆਇਆ, ਦਿਤੀ ਕਰਦ, ਕਹਿਆ ਹਿਲਾਉ।*
*'ਜਪੁ' ਅਤੇ 'ਅਨੰਦ' ਰਸਨੀਂ ਕਰਿ ਉਚਾਰੁ।*
*ਤਾਂ ਦੀਵਾਨ ਸਾਹਿਬ ਚੰਦ, ਹੱਥ ਜੋੜ ਖਲੋਤਾ ਵਿਚਿ ਦਰਬਾਰ ।੩੨੦।*
*ਕਹਿਆ, "ਗ਼ਰੀਬ ਨਿਵਾਜ਼, ਵਿਚ ਮਿਠੱਾ ਪਵੇ, ਤਾਂ ਬਣੇ ਸੁਆਦ।"*
*ਬਚਨ ਕੀਤਾ, "ਲੈ ਆਉ ਧਰਮ ਚੰਦਾ, ਪਤਾਸੇ ਪ੍ਰਸਾਦੁ।"*

---

[੧] ਸਰੂਪ ਦਾਸ ਭੱਲਾ ਵੀ ਆਪਣੇ ਗ੍ਰੰਥ 'ਮਹਿਮਾ ਪ੍ਰਕਾਸ਼' ਵਿੱਚ ਗੁਰੂ ਸਾਹਿਬ ਵੱਲੋਂ ਪਹਿਲਾਂ ਆਪ ਅੰਮ੍ਰਿਤ ਪੀਣ ਦੀ ਗੱਲ ਲਿੱਖਦਾ ਹੈ, "*ਤਬ ਪਾਂਚ ਚਮਚਾ ਮਹਾ ਤੇਜ ਭਰ ਪੀਆ। ਜਿਮ ਅਗਸਤ ਸਿੰਧ ਆਚਮਨ ਕੀਆ। ਪੁਨ ਪਾਹੁਲ ਦੇਨ ਸਿਖਨ ਕੋ ਲਾਗੇ।*" (ਮਹਿਮਾ ਪ੍ਰਕਾਸ਼, ਸਾਖੀਆਂ ਪਾਤਸ਼ਾਹੀ ੧੦, ਸਾਖੀ ੧੮)।

*ਪਤਾਸੇ ਪਵਾਏ ਅਤੇ ਕਰਦ ਹਿਲਾਈ ।*
*ਨਾਉਂ ਧਰਿਆ 'ਪਾਹੁਲ' ਇਹ ਪਾਹੁ ਲਗਾਈ ।੩੨੧।*
*ਚਉਪਾ ਸਿੰਘ ਬਣਾਇ ਹਥ ਅਪਨੇ ਉਪਰ ਧਰਿ ਅਗੇ ਲੈ ਆਇਆ ।*

*ਸਾਹਿਬ ਉਂਗਲ ਨਾਲਿ ਲਾਇ ਨਿਜ ਰਸਨੀਂ ਲਾਇਆ ।*
*ਚਉਪੇ ਸਿੰਘ ਨੂੰ ਬਚਨ ਕੀਤਾ, "ਬੈਠ ਜਾਹੁ ।*
*ਖੱਬੇ ਕਰ ਉਪਰ ਹੱਥ ਸੱਜਾ ਧਰਿ ਅਤੇ ਪੀਂਦਾ ਜਾਹੁ ।" ੩੨੨।*

ਪ੍ਰੋ. ਪਿਆਰਾ ਸਿੰਘ 'ਪਦਮ' ਵੱਲੋਂ ਸੰਪਾਦਿਤ ਪੁਸਤਕ 'ਰਹਿਤਨਾਮੇ' ਵਿੱਚ ਸ਼ਾਮਿਲ 'ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ' ਵਿੱਚ ਅੰਮ੍ਰਿਤ-ਸੰਚਾਰ ਦੌਰਾਨ ਭਾਈ ਚਉਪਾ ਸਿੰਘ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਗਿਆ ਹੈ: -

*"ਫੇਰ ਸਾਹਿਬ ਪੂਰਨ ਪੁਰਖ ਜੀ, ਪੰਥ ਲਗੇ ਨਿਖੇੜਨ, ਸੰਮਤ ੧੭੫੪ ਸਾਵਣ ਦਿਨ ਸੱਤਵੇਂ, ਕੇਸਾਂ ਦੀ ਪਾਹੁਲ ਦਾ ਉਦਮ ਕੀਤਾ । ਬਚਨ ਹੋਇਆ, 'ਚਉਪਾ ਸਿੰਘ, ਕਟੋਰੇ ਵਿਚ ਜਲ ਪਾ ਲੈ ਆਉ ।' ਸੋ ਲੈ ਆਇਆ, ਤਾਂ ਹੁਕਮ ਹੋਇਆ-ਹਥਿ ਖੰਡਾ ਪਕੜ ਕੇ ਵਿਚ ਫੇਰਹੁ ਅਤੇ ਪੰਜ ਪੰਜ ਸਵੈਯੇ ਪੰਜੇ ਪੜ੍ਹਨ ਲਗੇ । ਕੇਹੜੇ ? ਦਯਾ ਸਿੰਘ ਵਾਸੀ ਲਾਹੌਰ ਦੀ ਛਤ੍ਰਿ-ਬੰਸ । ਸਾਹਿਬ ਸਿੰਘ, ਦਛਣਿ ਸੈਨ ਕੇ ਜਨਮ ਥਾ । ਹਿੰਮਤ ਸਿੰਘ ਪੁਰੀ ਜਗਨਨਾਥ ਫੰਦਕ ਕੇ ਜਨਮ ਥਾ । ਧਰਮ ਸਿੰਘ ਘਰ ਹਸਤਨਾਪੁਰ ਦੀ ਵਾਸੀ ਧੰਨੇ ਕੇ ਜਨਮ ਥਾ । ਪੰਜਵੇਂ ਮੁਹਕਮ ਸਿੰਘ ਨਾਮਦੇਵ ਕਾ ਜਨਮ ਥਾ । ਇਹ ਪੰਜ ਸਿੰਘ ਸਵੈਯੇ ਲਗੇ ਪੜ੍ਹਨ, ਤਾਂ ਸਾਹਿਬ ਚੰਦ ਦੀਵਾਨ ਬੇਨਤੀ ਕੀਤੀ, 'ਜੀ ਸੱਚੇ ਪਾਤਿਸ਼ਾਹ, ਜੇ ਵਿਚ ਪਤਾਸੇ ਪਉਨ, ਤਾਂ ਹੱਛਾ ਹੋਵੈ ।' ਤਿਚਰਾਂ ਨੂੰ ਮਾਤਾ ਸ਼ਕਤੀ, ਮਾਤਾ ਸਾਹਿਬ ਦੇਵੀ ਦਾ ਰੂਪ ਧਾਰ ਕੇ, ਪਤਾਸੇ ਵਿਚ ਡਾਰ ਗਈ । ਤਾਂ ਸਾਹਿਬ ਪੂਰਨ ਪੁਰਖੁ ਜੀ ਵਿਚਹੁੰ ਪੰਜ ਚੁਲੇ ਲਏ, ਅੰਮ੍ਰਿਤ ਦੇ । ਪੰਜ ਨੇਤ੍ਰੀਂ, ਫੇਰ ਪੰਜ ਚੁਲੇ ਸੀਸ ਪਾਏ । ਰਸਨਾ ਚੰਡੀ ਚਰਿਤ੍ਰ ਦਾ ਸਵੈਯਾ ਪੜ੍ਹਿਆ, "ਦੇਹਿ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥ ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ ॥ ਅਰੁ ਸਿੱਖ ਹੋਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ ॥ ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ ॥"* [2]

*ਫੇਰ ਸਾਹਿਬ ਨੇ ਆਪਣੇ ਹੱਥੀਂ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਅਤੇ ਬਚਨ ਕੀਤਾ-'ਬੋਲਹੁ ਵਾਹਗੁਰੂ ਜੀ ਕਾ ਖ਼ਾਲਸਾ ॥ ਵਾਹਗੁਰੂ ਜੀ ਕੀ ਫ਼ਤਹਿ' ॥"*

---

[2] 'ਚੰਡੀ ਚਰਿਤ੍ਰ ਉਕਤਿ ਬਿਲਾਸ', ਪੰਨਾ ੯੯, ਸ੍ਰੀ ਦਸਮ ਗ੍ਰੰਥ ਸਾਹਿਬ ।

ਜਦੋਂ ਰਹਿਤਾਂ ਤੇ ਕੁ-ਰਹਿਤਾਂ ਨੂੰ ਲਿਖਤੀ ਰੂਪ ਦੇਣ ਦੀ ਗੱਲ ਆਈ, ਤਾਂ ਇਹ ਸੇਵਾ ਵੀ ਭਾਈ ਚਉਪਾ ਸਿੰਘ ਜੀ ਦੇ ਹਿੱਸੇ ਹੀ ਆਈ। ਕੇਸਰ ਸਿੰਘ ਛਿੱਬਰ ਲਿੱਖਦਾ ਹੈ: -

*"ਚਉਪੇ ਸਿੰਘ ਨੂੰ ਬਚਨ ਸਾਹਿਬ ਏਹੁ ਕੀਤਾ।*

*"ਲਿਖ ਰਹਿਤਨਾਮਾ ਬੁਧਿ-ਬਿਬੇਕ ਸਿਖੀ ਦੀ ਰੀਤਾ" ।੪੨੩।*[3]

*ਤਿਨ ਕਹਿਆ: "ਗ਼ਰੀਬ ਨਿਵਾਜ਼, ਤੇਰੇ ਰਿਦੈ ਦੀ ਤੂੰਹੈ ਜਾਣੈ।*
*ਏਹ ਜੀਉ ਤੁਛ ਬੁਧਿ ਤੇਰੇ ਹਿਰਦੇ ਦੀ ਕਿਆ ਕੋਈ ਪਛਾਣੈ।"*
*ਬਚਨੁ ਕੀਤਾ, "ਤੇਰੀ ਰਸਨਾ ਉਪਰਿ ਹਉਂ ਹਾਂ। ਤੂ ਦੀਦਾਰ ਕਰ ਸਨਮੁਖ ਸਉਹਾਂ" ।੫੨੪।*

*ਦੀਦਾਰ ਕਰਨੇ ਨਾਲਿ ਬੁਧਿ ਪ੍ਰਗਟ ਹੋਇ ਆਈ।*
*ਤਿਨ ਰਹਿਤਨਾਮਾ ਲਿਖਿਆ ਦਿਨ ਤ੍ਰੈ-ਚਾਰ ਲਾਈ।*
*ਜੋ ਸਿਖੀ ਦੀ ਰੀਤਿ ਆਹੀ ਸਭ ਲਿਖੀ। ਜਿਸ ਦੇ ਪੜ੍ਹਿਆਂ ਪ੍ਰਾਪਤਿ ਹੋਵੈ ਸਿਖੀ ।੫੨੫।*

*ਸੋ ਪਹਿਲੇ ਉਸ ਦਾ ਉਤਾਰਾ ਸੀਤਲ ਸਿੰਘ ਬਹੁਰੂਪੀਏ ਲਿਖਾਇਆ।*
*ਉਪਰ ਦਸਖ਼ਤ ਸਹੀ ਲਏ ਪਵਾਇਆ।*
*ਫਿਰ ਸੂਦ ਸਿਖ ਨੇ ਕੀਤਾ ਉਤਾਰਾ। ਤਿਨ ਭੀ ਖ਼ਾਸ ਦਸਖ਼ਤ ਸਹੀ ਪਵਾਈ ਮਝਾਰਾ ।੫੨੬।*

*ਅਠਾਰਾਂ ਸੈ ਤਨਖਾਹ ਅਤੇ ਰਹਿਤ ਲਿਖਣ ਵਿਚ ਆਈ।*
*ਅਗੋਂ ਜੁੱਧ ਸਭ ਹੋਏ, ਲੱਗੀ ਲੜਾਈ।*
*ਰਸਨਾ ਬਚਨ ਸਾਹਿਬ ਐਸੇ ਹੈ ਉਚਾਰਾ। ਤਿਸ ਦਾ ਕਰਿ ਦੇਖੋ ਬੀਚਾਰਾ ।੫੨੭।"*[4]

---

[3] 'ਰਹਿਤਨਾਮਾ ਭਾਈ ਚਉਪਾ ਸਿੰਘ' ਨੂੰ 'ਰਹਿਤਨਾਮਾ ਬੁਧਿ ਬਿਬੇਕ' ਵੀ ਆਖਿਆ ਜਾਂਦਾ ਹੈ। ਇਸ ਦਾ ਇੱਕ ਹੋਰ ਨਾਮ 'ਰਹਿਤਨਾਮਾ ਹਜ਼ੂਰੀ' ਵੀ ਹੈ।

[4] ਕੇਸਰ ਸਿੰਘ ਛਿੱਬਰ ਭਾਂਵੇਂ ੧੮੦੦ ਰਹਿਤਾਂ ਅਤੇ ਤਨਖਾਹਾਂ ਲਿੱਖੇ ਜਾਣ ਦੀ ਗੱਲ ਕਹਿੰਦਾ ਹੈ, ਪਰ ਅੱਜਕੱਲ੍ਹ ਪ੍ਰਾਪਤ 'ਰਹਿਤਨਾਮਾ ਭਾਈ ਚਉਪਾ ਸਿੰਘ' ਦੇ ਵੱਖ-ਵੱਖ ਸੰਸਕਰਣ ਕਾਫ਼ੀ ਛੋਟੀਆਂ ਰਚਨਾਵਾਂ ਸਾਬਿਤ ਹੁੰਦੀਆਂ ਹਨ। ਜੇ ਕੇਸਰ ਸਿੰਘ ਛਿੱਬਰ ਦਾ ਇਹ ਕਥਨ ਸਹੀ ਹੈ, ਤਾਂ ਸਾਨੂੰ ਇਹ ਮੰਨਣਾ ਪਏਗਾ ਕਿ 'ਰਹਿਤਨਾਮਾ ਭਾਈ ਚਉਪਾ ਸਿੰਘ' ਦਾ ਵੱਡਾ ਹਿੱਸਾ ਹੁਣ ਮੌਜੂਦ ਨਹੀਂ ਹੈ।

ਜਦੋਂ ਸ੍ਰੀ ਅਨੰਦਪੁਰ ਸਾਹਿਬ ਜੀ ਨੂੰ ਛੱਡਣ ਦਾ ਸਮਾਂ ਆਇਆ, ਤਾਂ ਭਾਈ ਚਉਪਾ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ ਜੀ ਦੇ ਨਾਲ ਰਹਿਣ ਦਾ ਹੁਕਮ ਦਿੱਤਾ। ਕੇਸਰ ਸਿੰਘ ਛਿੱਬਰ ਲਿੱਖਦਾ ਹੈ: -

"*ਫੇਰ ਸਾਹਿਬ ਕਹਿਆ ਚਉਪਾ ਸਿੰਘ, ਸਾਹਿਬ ਸਿੰਘ ਸਾਲੇ ਜੋਗੁ ।*
*ਤੁਸੀਂ ਲੈ ਟੁਰੋ ਜ਼ਨਾਨੇ ਨਾਲ ਲੋਗੁ ।*

*ਸਭ ਤਿਆਰ ਕਰ ਦਿਤੇ ਟੋਰ ।*
*ਮਾਤਾ ਸੁੰਦਰੀ, ਮਾਤਾ ਸਾਹਿਬ ਦੇਈ ਨਾਲੇ ਕੁਛੁ ਲੋਕ ਹੋਰੁ ।੫੪੩।*
*ਨਾਲਿ ਦਿਤੇ ਊਠ ਸੰਦੂਕਾਂ ਵਾਲੇ ।*
*ਜਿਨ੍ਹਾਂ ਦੇ ਵਿਚਿ ਛਿੱਤ੍ਰ ਪੱਥਰ ਆਹੇ ਡਾਲੇ ।*
*ਬਚਨ ਕੀਤਾ: "ਤੁਸਾਂ ਟੁਰ ਜਾਣਾ ਜ਼ਨਾਨੇ ਲੋਕ ਲੈ ਕੇ ਅੱਗੇ ।*
*ਅਤੇ ਊਠ ਆਉਸਨ ਹਉਲੀ ਹਉਲੀ ਪਿਛੇ ਲੱਗੇ ।੫੪੪।*
*ਚਉਪਾ ਸਿੰਘ ਨੂੰ ਸਭ ਹਕੀਕਤ ਛੱਡੀ ਸੀ ਸਮਝਾਇ ।*
*ਤੁਸਾਂ ਪਿੱਛੇ ਨਹੀਂ ਰਹਿਣਾ ਅਟਕਾਇ ।*
*ਜੇ ਕੋਈ ਫ਼ਉਜ ਪਈ ਆਇ ।*
*ਤੁਸਾਂ ਛੱਡ ਕੇ ਊਠ, ਅੱਗੇ ਜਾਣਾ ਧਾਇ ।੫੪੫।* (ਪੰਨਾ ੧੭੫)

ਜਦੋਂ ਮੁਗ਼ਲ ਜਰਨੈਲ ਅਤੇ ਰਾਜਪੂਤ ਰਾਜਿਆਂ ਨੇ ਆਪਣੇ ਕੀਤੇ ਕੌਲ-ਕਰਾਰ ਤੋੜਦਿਆਂ ਹਮਲਾ ਕਰ ਦਿੱਤਾ, ਤਾਂ ਭਾਈ ਚਉਪਾ ਸਿੰਘ ਅਤੇ ਭਾਈ ਸਾਹਿਬ ਸਿੰਘ ਨੂੰ ਜੰਗ ਕਰਨਾ ਪਿਆ। ਕੇਸਰ ਸਿੰਘ ਲਿੱਖਦਾ ਹੈ: -

"*ਚਉਪਾ ਸਿੰਘ ਅਤੇ ਸਾਹਿਬ ਸਿੰਘ ਮੁੜ ਕੇ ਲੜੇ । ਅਤੇ ਜ਼ਨਾਨੇ ਲੋਕ ਟੋਰ ਦਿਤੇ ਸਨ ਪਰੇ ।*"

ਇਹ ਕਿਹਾ ਜਾਂਦਾ ਹੈ ਕਿ ਭਾਈ ਚਉਪਾ ਸਿੰਘ ਉਨ੍ਹਾਂ ਸਿੰਘਾਂ ਵਿੱਚ ਸ਼ਾਮਿਲ ਸਨ, ਜਿਨ੍ਹਾਂ ਨੂੰ ਮਾਤਾ ਸੁੰਦਰੀ ਜੀ ਦੇ ਮੁਤਬੰਨੇ ਪੁੱਤਰ ਅਜੀਤ ਸਿੰਘ ਦੇ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਭਾਈ ਚਉਪਾ ਸਿੰਘ ਗੁਰੂ-ਘਰ ਦਾ ਅਤਿ ਨਿਕਟਵਰਤੀ ਸਿੰਘ ਸੀ।